# ਨੌਵੀਂ (IX)/ ਦੱਸਵੀਂ (X) ਸ਼੍ਰੇਣੀ ਵਿੱਚ ਵਿਦਿਆਰਥੀਆਂ ਦੀ ਰਜਿਸਟਰੇਸ਼ਨ/ਕੰਟੀਨਿਊਏਸ਼ਨ ਰਿਟਰਨਾਂ ਆਨ ਲਾਈਨ ਭਰਨ ਸੰਬੰਧੀ ਹਦਾਇਤਾਂ।

**ਰਜਿਸਟਰੇਸ਼ਨ/ਕੰਟੀਨਿਊਏਸ਼ਨ ਸਬੰਧੀ ਹਦਾਇਤਾਂ/ ਸਹਾਇਤਾ/ ਫੀਸਾਂ ਦਾ ਸ਼ਡਿਊਲ ਆਦਿ ਬੋਰਡ ਦੀ ਵੈਬ ਸਾਈਟ** www.pseb.ac.in **Under Registration Section ਤੇ ਉਪਲੱਬਧ ਹਨ। ਬੋਰਡ ਵੱਲੋਂ ਕੋਈ ਵੀ ਰਜਿਸਟਰੇਸ਼ਨ /ਕੰਟੀਨਿਊਏਸ਼ਨ ਫਾਰਮ ਵੱਖਰੇ ਤੌਰ ਤੇ ਨਹੀਂ ਭੇਜਿਆ ਜਾਵੇਗਾ। ਸਿਰਫ ਆਨਲਾਈਨ ਭਰੇ ਹੋਏ ਫਾਰਮ ਹੀ ਮੰਨਣਯੋਗ ਹੋਣਗੇ।**

## ਰਿਟਰਨ ਫਾਰਮ ਭਰਨ ਤੋਂ ਪਹਿਲਾਂ ਨਿਮਨਲਿਖਤ ਹਦਾਇਤਾਂ ਨੂੰ ਧਿਆਨ ਨਾਲ ਪੜ੍ਹਿਆ ਜਾਵੇ :-

1. ਵੇਰਵੇ ਦਾਖਲਾ ਖਾਰਜ ਰਜਿਸਟਰ ਮੁਤਾਬਕ ਅਤੇ ਪੂਰੇ ਭਰਨੇ ਜ਼ਰੂਰੀ ਹਨ। ਕਿਸੇ ਵੀ ਤਰ੍ਹਾਂ ਦੀ ਸੋਧ ਤੇ ਸਕੂਲ ਮੁੱਖੀ ਦੇ ਹਸਤਾਖਰ ਅਤੇ ਸਕੂਲ ਦੀ ਮੋਹਰ ਜਰੂਰੀ ਹੈ। ਦਫਤਰ ਵਿੱਚ ਰਿਟਰਨ ਪ੍ਰਾਪਤ ਹੋਣ ਤੋਂ ਬਾਅਦ ਜੇਕਰ ਵਿਦਿਆਰਥੀ ਦੇ ਵੇਰਵੇ ਭਰਨ ਸਮੇਂ ਸਕੂਲ ਵੱਲੋਂ ਕੋਈ ਗਲਤੀ ਹੁੰਦੀ ਹੈ , ਤਾਂ ਇਸ ਦੀ ਜਿੰਮੇਵਾਰੀ ਸਕੂਲ ਮੁੱਖੀ ਦੀ ਆਪਣੀ ਹੋਵੇਗੀ।

2. ਨੌਂਵੀ(IX) ਸ਼੍ਰੇਣੀ ਵਿੱਚ ਉਹ ਵਿਦਿਆਰਥੀ ਹੀ ਦਾਖਲ ਹੋਣੇ ਚਾਹੀਦੇ ਹਨ,ਜਿੰਨ੍ਹਾਂ ਨੇ ਅੱਠਵੀਂ ਸ਼੍ਰੇਣੀ ਸਰਕਾਰੀ/ਏਡਿਡ/ਐਫੀਲੀਏਟਿਡ ਅਤੇ ਐਸੋਸੀਏਟਿਡ ਸਕੂਲ ਤੋਂ ਪਾਸ ਕੀਤੀ ਹੋਵੇ ਅਤੇ ਇਸੇ ਤਰਾਂ ਦੱਸਵੀਂ(X) ਸ਼੍ਰੇਣੀ ਵਿੱਚ ਉਹ ਵਿਦਿਆਰਥੀ ਹੀ ਦਾਖਲ ਹੋਣੇ ਚਾਹੀਦੇ ਹਨ, ਜਿਨ੍ਹਾਂ ਨੇ ਨੌਂਵੀ ਸ਼੍ਰੇਣੀ ਸਰਕਾਰੀ/ਏਡਿਡ/ਐਫੀਲੀਏਟਿਡ ਅਤੇ ਐਸੋਸੀਏਟਿਡ ਸਕੂਲ ਤੋਂ ਪਾਸ ਕੀਤੀ ਹੋਵੇ।

3.

(ੳ) ਦਾਖਲਾ ਅਕਾਦਮਿਕ ਸ਼ਾਖਾ ਵੱਲੋਂ ਜਾਰੀ ਕੀਤੇ ਦਾਖਲਾ ਮਿਤੀਆਂ ਦੇ ਸ਼ਡਿਊਲ ਅਨੁਸਾਰ ਹੀ ਕੀਤਾ ਜਾਵੇ। ਜਿਹੜਾ ਵਿਦਿਆਰਥੀ ਕਿਸੇ ਹੋਰ ਸਕੂਲ ਵਿੱਚ ਪਹਿਲਾਂ ਹੀ ਦਾਖਲ ਹੋ ਚੁੱਕਾ ਹੈ ਅਤੇ ਦਾਖਲਾ ਸ਼ਡਿਊਲ ਦੇ ਦੌਰਾਨ ਕਿਸੇ ਹੋਰ ਸਕੂਲ ਵਿੱਚ ਦਾਖਲਾ ਲੈਣਾ ਚਾਹੁੰਦਾ ਹੈ ਤਾਂ ਉਸਨੂੰ ਸਕੂਲ ਤੋਂ ਸਕੂਲ ਮਾਈਗਰੇਸ਼ਨ ਦੀ ਜਰੂਰਤ ਨਹੀਂ। ਅਕਾਦਮਿਕ ਸ਼ਾਖਾ ਵੱਲੋਂ ਜਾਰੀ ਕੀਤੇ ਦਾਖਲਾ ਸ਼ਡਿਊਲ ਦੀਆਂ ਮਿਤੀਆਂ ਤੋਂ ਬਾਅਦ ਆਪਣੀ ਸੰਸਥਾ ਵਿੱਚ ਬੋਰਡ ਵੱਲੋਂ ਜਾਰੀ ਮਾਈਗਰੇਸ਼ਨ ਸਰਟੀਫਿਕੇਟ ਪ੍ਰਾਪਤ ਕਰਨ ਤੋਂ ਬਿਨਾਂ ਦਾਖਲ ਨਾ ਕੀਤਾ ਜਾਵੇ। ਜਿਸ ਵਿਦਿਆਰਥੀ ਨੇ ਸਰਕਾਰੀ/ਏਡਿਡ/ ਐਫੀਲੀਏਟਿਡ ਅਤੇ ਐਸੋਸੀਏਟਿਡ (ਪੰਜਾਬ ਸਕੂਲ ਸਿੱਖਿਆ ਬੋਰਡ ) ਤੋਂ ਨੌਂਵੀ (IX) ਸ਼੍ਰੇਣੀ ਪਾਸ ਕੀਤੀ ਹੈ ਅਤੇ ਸਕੂਲ ਛੱਡਣ ਵਾਲੇ ਸਰਟੀਫਿਕੇਟ ਤੇ ਉਸ ਦਾ ਰਜਿਸਟਰੇਸ਼ਨ ਨੰਬਰ ਦਰਜ਼ ਹੈ, ਉਹ ਕਿਸੇ ਵੀ ਸਕੂਲ ਵਿੱਚ ਦੱਸਵੀਂ ਸ਼੍ਰੇਣੀ ਵਿੱਚ ਦਾਖਲੇ ਲਈ ਯੋਗ ਹੈ। ਬੋਰਡ ਵੱਲੋ ਜਾਰੀ ਦਾਖਲਾ ਸ਼ਡਿਊਲ ਦੀਆਂ ਮਿਤੀਆਂ ਤੱਕ ਮਾਈਗਰੇਸ਼ਨ ਦੀ ਲੋੜ ਨਹੀਂ ਹੈ।

(ਅ) ਨੌਂਵੀਂ (IX)/ਦੱਸਵੀਂ(X) ਸ਼੍ਰੇਣੀ ਦੀ ਸਕੂਲ ਤੋਂ ਸਕੂਲ ਮਾਈਗਰੇਸ਼ਨ 31 ਦਸੰਬਰ ਤੱਕ 1000/- ਰੁ: ਫੀਸ ਨਾਲ ਕੀਤੀ ਜਾਵੇਗੀ। ਇਸ ਤੋਂ ਬਾਅਦ 1500/- ਰੁ: ਫੀਸ ਨਾਲ ਵਿਰਲੇ ਕੇਸਾਂ ਵਿੱਚ ਜਿਵੇਂ ਮਾਤਾ/ਪਿਤਾ/ਗਾਰਡੀਅਨ ਦੀ ਬਦਲੀ/ਅਚਾਨਕ ਮੌਤ ਹੋਣ ਦੀ ਸੂਰਤ ਵਿੱਚ ਮਾਈਗਰੇਸ਼ਨ ਚੇਅਰਪਰਸਨ ਜੀ ਵੱਲੋਂ ਆਗਿਆ ਦੇਣ ਉਪਰੰਤ ਹੀ ਕੀਤੀ ਜਾਵੇਗੀ। ਅਜਿਹਾ ਕਰਨ ਲਈ ਵਿਦਿਆਰਥੀ ਸਕੂਲ ਤੋਂ ਸਕੂਲ ਮਾਈਗਰੇਸ਼ਨ ਫਾਰਮ ਦੋਵੇਂ ਸਕੂਲ ਮੁੱਖੀਆਂ ਤੋਂ ਤਸਦੀਕ ਕਰਵਾਉਣਗੇ।

4. ਬੋਰਡ ਵੱਲੋਂ ਜਾਰੀ ਦਾਖਲਾ ਸ਼ਡਿਊਲ ਦੀਆਂ ਮਿਤੀਆਂ ਖਤਮ ਹੋਣ ਉਪਰੰਤ ਦੂਜੇ ਰਾਜ/ਬੋਰਡ ਤੋਂ ਪੜਦੇ ਆ ਰਹੇ ਵਿਦਿਆਰਥੀ ਕਿਸੇ ਵੀ ਸੂਰਤ ਵਿੱਚ ਨੌਂਵੀਂ/ਦੱਸਵੀਂ ਸ਼੍ਰੇਣੀ ਵਿੱਚ ਲੇਟ ਦਾਖਲੇ/ਇੰਟਰ ਬੋਰਡ ਮਾਈਗਰੇਸ਼ਨ ਫਾਰਮ ਤੇ ਰਜਿਸਟਰੇਸ਼ਨ ਸ਼ਾਖਾ ਵੱਲੋਂ ਪੂਰਵ ਪ੍ਰਵਾਨਗੀ ਲਏ ਬਿਨ੍ਹਾਂ ਦਾਖਲ ਨਾ ਕੀਤੇ ਜਾਣ । ਇੰਟਰ ਬੋਰਡ ਮਾਈਗਰੇਸ਼ਨ ਦੀ ਫੀਸ **1000/-** ਰੁਪਏ ਪ੍ਰਤੀ ਵਿਦਿਆਰਥੀ ਹੋਵੇਗੀ।

5. ਯੋਗਤਾ ਸਬੰਧੀ ਜਿੰਮੇਵਾਰੀ ਨਿਰੋਲ ਸਕੂਲ ਮੁੱਖੀ ਦੀ ਹੈ । ਇਸ ਲਈ ਸਮਾਨਤਾ ਸੂਚੀ ਨੂੰ ਮੁੱਖ ਰੱਖ ਕੇ ਹੀ ਵਿਦਿਆਰਥੀਆਂ ਦੇ ਦਾਖਲੇ ਪ੍ਰਵਾਨ ਕੀਤੇ ਜਾਣ। ਇਸ ਮਕਸਦ ਲਈ ਇੱਕ ਦਾਖਲਾ ਪੜਤਾਲ ਕਮੇਟੀ ਬਣਾਈ ਜਾਵੇ ਜੋ ਪੂਰਵ ਘੋਖ ਕਰਕੇ ਯੋਗਤਾ ਚੈੱਕ ਕਰੇ, ਤਾਂ ਜੋ ਕੋਈ ਅਯੋਗ ਵਿਦਿਆਰਥੀ ਦਾਖਲ ਨਾ ਹੋ ਸਕੇ। ਅਯੋਗ ਵਿਦਿਆਰਥੀਆਂ ਦਾ ਦਾਖਲਾ ਸਕੂਲ/ਬੋਰਡ ਲਈ ਗੰਭੀਰ ਔਕੜਾਂ ਪੈਦਾ ਕਰ ਸਕਦਾ ਹੈ। ਬਾਅਦ ਵਿੱਚ ਅਜਿਹੇ ਕੇਸ ਸਭ ਲਈ ਕਾਨੂੰਨੀ ਮਸਲੇ ਖੜੇ ਕਰ ਸਕਦੇ ਹਨ।

6. ਦਸਵੀਂ ਸ਼੍ਰੇਣੀ ਦਾ ਦਾਖਲਾ ਫਾਰਮ ਭੇਜਣ ਵੇਲੇ ਵਿਦਿਆਰਥੀਆਂ ਦਾ ਰਜਿਸਟਰੇਸ਼ਨ ਨੰਬਰ ਜਰੂਰ ਲੱਗਿਆ ਹੋਣਾ ਚਾਹੀਦਾ ਹੈ। ਇਸ ਸਬੰਧੀ ਜਿੰਮੇਵਾਰੀ ਸਕੂਲ ਮੁੱਖੀ ਦੀ ਹੈ।

**ਰਿਟਰਨ ਫਾਰਮ ਭਰਨ ਦੀਆ ਹਦਾਇਤਾਂ ਹੇਠ ਲਿਖੇ ਅਨੁਸਾਰ ਹਨ:-**

ੳ) ਫਾਰਮ ਨੰ: ਐਨ-1 (ਨੌਂਵੀਂ ਸ਼੍ਰੇਣੀ ਲਈ) ਇਸ ਆਨ ਲਾਈਨ ਫਾਰਮ ਵਿੱਚ ਉਹਨਾਂ ਵਿਦਿਆਰਥੀਆਂ ਦੇ ਵੇਰਵੇ ਦਰਜ ਕਰਨੇ ਹਨ, ਜਿਨ੍ਹਾ ਨੂੰ ਰਜਿਸਟਰੇਸ਼ਨ ਨੰਬਰ ਅਲਾਟ ਨਹੀਂ ਹੋਇਆ। **ਫੀਸ....180/-..ਰੁ ਪ੍ਰਤੀ ਵਿਦਿਆਰਥੀ ਹੋਵੇਗੀ।**

ਅ) ਫਾਰਮ ਨੰ: ਐਨ -2 (ਨੌਂਵੀਂ ਸ਼੍ਰੇਣੀ) ਇਸ ਆਨ ਲਾਈਨ ਫਾਰਮ ਵਿੱਚ ਉਹਨਾਂ ਵਿਦਿਆਰਥੀਆਂ ਦੇ ਵੇਰਵੇ ਦਰਜ ਕਰਨੇ ਹਨ, ਜਿਨ੍ਹਾਂ ਨੇ ਅੱਠਵੀਂ ਦੀ ਪਰੀਖਿਆ ਕਿਸੇ ਹੋਰ ਰਾਜ/ਬੋਰਡ ਤੋਂ ਪਾਸ ਕੀਤੀ ਹੋਵੇ। **ਫੀਸ ...1200/-ਰੁ ਪ੍ਰਤੀ ਵਿਦਿਆਰਥੀ ਹੋਵੇਗੀ।**

ੲ) ਫਾਰਮ ਨੰ:ਐਨ-3 (ਨੌਂਵੀਂ ਸ਼੍ਰੇਣੀ) ਇਸ ਆਨ ਲਾਈਨ ਫਾਰਮ ਵਿੱਚ ਉਹਨਾਂ ਵਿਦਿਆਰਥੀਆਂ ਦੇ ਵੇਰਵੇ ਦਰਜ ਕਰਨੇ ਹਨ ਜੋ ਬੋਰਡ ਨਾਲ ਪਹਿਲਾ ਤੋਂ ਹੀ ਰਜਿਸਟਰਡ ਹਨ। **ਫੀਸ ...180/-ਰੁ ਪ੍ਰਤੀ ਵਿਦਿਆਰਥੀ ਹੋਵੇਗੀ।**

ਸ)	ਫਾਰਮ ਨੰ: ਐਮ -2,ਇਸ ਆਨ ਲਾਈਨ ਫਾਰਮ ਵਿੱਚ ਉਨ੍ਹਾਂ ਵਿਦਿਆਰਥੀਆਂ ਦੇ ਵੇਰਵੇ ਦਰਜ ਕਰਨੇ ਹਨ, ਜਿਨ੍ਹਾਂ ਨੇ ਨੌਂਵੀ ਦੀ ਪਰੀਖਿਆ ਕਿਸੇ ਹੋਰ ਰਾਜ/ਬੋਰਡ ਤੋ ਪਾਸ ਕੀਤੀ ਹੋਵੇ। ਸਕੂਲ ਮੁੱਖੀ ਦਾਖਲਾ ਸ਼ਡਿਊਲ ਅਨੁਸਾਰ ਤਹਿ ਹੋਈਆਂ ਮਿਤੀਆਂ ਤੱਕ ਹੀ ਦਾਖਲਾ ਦੇ ਸਕਦੇ ਹਨ। **ਫੀਸ ...1200/-ਰੁ ਪ੍ਰਤੀ ਵਿਦਿਆਰਥੀ ਹੋਵੇਗੀ।**

7.	ਆਨ ਲਾਈਨ ਫਾਰਮ ਐਨ-2 (ਨੌਵੀਂ ਸ਼੍ਰੇਣੀ) ਅਤੇ ਅਤੇ ਐਮ-2 (ਦਸਵੀਂ ਸ਼੍ਰੇਣੀ) ਭਰਨ ਲਗਿਆਂ ਹੇਠ ਲਿਖੀਆਂ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ:-

1)	ਬੋਰਡ ਦਾ ਅਸਲ ਮਾਈਗਰੇਸ਼ਨ ਸਰਟੀਫਿਕੇਟ (ਜਿੱਥੇ ਲਾਗੂ ਹੈ), ਵਿੱਦਿਅਕ ਸੈਸ਼ਨ ਦੋਰਾਨ ਜਾਂ ਹੇਠਲੀ ਪਰੀਖਿਆ ਪਾਸ ਕਰਨ ਉਪਰੰਤ ਸਕੂਲ ਛੱਡਣ ਦਾ ਸਰਟੀਫਿਕੇਟ ਜ਼ਿਲ੍ਹਾ ਸਿੱਖਿਆ ਅਫਸਰ ਜਾਂ ਸਬੰਧਤ ਬੋਰਡ ਦੇ ਸਮਰੱਥ ਅਧਿਕਾਰੀ ਦੁਆਰਾ ਪ੍ਰਤੀ ਹਸਤਾਖਰ ਹੋਣਾ ਚਾਹੀਦਾ ਹੈ।

(2)	ਜਿਸ ਸ਼੍ਰੇਣੀ ਵਿੱਚ ਦਾਖਲ ਹੋਣਾ ਹੈ, ਉਸ ਤੋਂ ਪਹਿਲੀ ਸ਼੍ਰੇਣੀ ਪਾਸ ਹੋਣ ਦਾ ਸਬੂਤ (ਡਿਟੇਲ ਮਾਰਕਸ ਕਾਰਡ ਦੀ ਤਸਦੀਕ ਸ਼ੁਦਾ ਫੋਟੋਸਟੈਟ ਕਾਪੀ)

(3)	ਪੰਜਾਬ ਸਕੂਲ ਸਿੱਖਿਆ ਬੋਰਡ ਦੇ ਬਰਾਬਰ ਦੀ ਯੋਗਤਾ ਦਾ ਸਮਾਨਤਾ ਪੱਤਰ (ਜੋ ਕਿ ਬੋਰਡ ਦੀ ਅਕਾਦਿਮਕ ਸ਼ਾਖਾ ਵੱਲੋਂ ਅਸਲ ਸਰਟੀਫਿਕੇਟਾਂ ਦੇ ਅਧਾਰ ਤੇ ਜਾਰੀ ਕੀਤਾ ਜਾਣਾ ਹੈ)।

ਹੇਠਲੀ ਪਰੀਖਿਆ ਸੀ.ਬੀ.ਐਸ.ਈ, ਆਈ.ਸੀ.ਐਸ.ਈ, ਹਰਿਆਣਾ, ਹਿਮਾਚਲ, ਜੰਮੂ ਕਸ਼ਮੀਰ, ਰਾਜਸਥਾਨ ਬੋਰਡ ਤੋਂ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਛੱਡ ਕੇ ਹੋਰ ਰਾਜ/ਬੋਰਡ ਦੇ ਵਿਦਿਆਰਥੀਆਂ ਦੇ ਕੇਸਾਂ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਅਕਾਦਿਮਕ ਸ਼ਾਖਾ ਵੱਲੋਂ ਸਮਾਨਤਾ ਪੱਤਰ ਪ੍ਰਾਪਤ ਕਰਕੇ ਪੇਸ਼ ਕੀਤੇ ਜਾਣ। 1 ਤੋਂ 3 ਤੱਕ ਅਸਲ ਦਸਤਾਵੇਜ਼ (ਡੀ.ਐਮ ਸੀ/ਐਸ.ਐਲ.ਸੀ/ਟਰਾਂਸਫਰ ਸਰਟੀਫਿਕੇਟ/ਸਮਾਨਤਾ ਪੱਤਰ) ਦੀਆਂ ਸਬੰਧਤ ਸਕੂਲ ਮੁੱਖੀ ਵੱਲੋਂ ਤਸਦੀਕ ਕੀਤੀਆਂ ਫੋਟੋਸਟੈਟ ਕਾਪੀਆਂ ਰਿਟਰਨ ਫਾਰਮ ਨਾਲ ਭੇਜੀਆਂ ਜਾਣ । ਮਾਈਗਰੇਸ਼ਨ ਸਰਟੀਫਿਕੇਟ ਅਸਲ ਭੇਜਿਆ ਜਾਵੇ। ਲੋੜ ਪੈਣ ਤੇ ਅਸਲ ਦਸਤਾਵੇਜ ਵੀ ਮੰਗਵਾਏ ਜਾ ਸਕਦੇ ਹਨ। **ਇਹ ਦਸਤਾਵੇਜ ਆਨ ਲਾਈਨ ਭਰੀ ਗਈ ਰਿਟਰਨ ਦੀ ਫਾਈਨਲ ਕਾਪੀ ਦੇ ਪ੍ਰਿੰਟ ਆਊਟ ਦੇ ਨਾਲ ਨੱਥੀ ਕਰਕੇ ਭੇਜਣੇ ਜਰੂਰੀ ਹਨ।** ਕਿਸੇ ਵਿਦਿਆਰਥੀ ਦਾ ਰਜਿਸਟਰੇਸ਼ਨ ਨੰਬਰ ਸਮੇਂ ਸਿਰ ਅਲਾਟ ਨਾ ਹੋਣ ਸਬੰਧੀ ਸਮੁੱਚੀ ਜ਼ਿਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।

8.	**ਕੰਟੀਨਿਊਏਸ਼ਨ / ਰਜਿਸਟਰੇਸ਼ਨ ਰਿਟਰਨ** ਫਾਰਮ ਆਨ ਲਾਈਨ **ਭਰਨ ਅਤੇ ਫੀਸ ਦਾ ਡਿਮਾਂਡ ਡਰਾਫਟ ਜਮ੍ਹਾਂ ਕਰਵਾਉਣ ਦੀਆ ਮਿਤੀਆਂ ਹੇਠ ਲਿਖੇ ਅਨੁਸਾਰ ਹਨ:-**

| **ਵੇਰਵਾ** | **ਆਨਲਾਈਨ ਭਰਨ ਦੀ ਆਖਰੀ ਮਿਤੀ** | **ਖੇਤਰੀ ਦਫਤਰ ਵਿੱਚ ਫਾਰਮ ਜਮ੍ਹਾਂ ਕਰਨ ਦੀ ਆਖਰੀ ਮਿਤੀ** |
|---|---|---|
| ਮੁੱਖ ਰਿਟਰਨ ਬਿਨਾਂ ਲੇਟ ਫੀਸ - ਫਾਰਮ ਅਨੁਸਾਰ ਬਨਦੀ ਫੀਸ | ਮਿਤੀ 07-08-2013 ਤੱਕ | ਮਿਤੀ 13.08.2013 ਤੱਕ |
| ਲੇਟ ਰਿਟਰਨ - ਫਾਰਮ ਅਨੁਸਾਰ ਬਨਦੀ ਫੀਸ + **100/-** ਰੁ. ਪ੍ਰਤੀ ਵਿਦਿਆਰਥੀ ਲੇਟ ਫੀਸ + **1000/-** ਰੁ. ਪ੍ਰਤੀ ਵਿਦਿਆਰਥੀ ਜੁਰਮਾਨਾ ਰਾਸ਼ੀ ਸਕੂਲ ਨੂੰ। | ਮਿਤੀ 21-08-2013 ਤੱਕ | ਮਿਤੀ 26.08.2013 ਤੱਕ |
| ਲੇਟ ਰਿਟਰਨ- ਫਾਰਮ ਅਨੁਸਾਰ ਬਨਦੀ ਫੀਸ + **100/-**ਰੁ. ਪ੍ਰਤੀ ਵਿਦਿਆਰਥੀ ਲੇਟ ਫੀਸ + **2000/-**ਰੁ. ਪ੍ਰਤੀ ਵਿਦਿਆਰਥੀ ਜੁਰਮਾਨਾ ਰਾਸ਼ੀ ਸਕੂਲ ਨੂੰ। | ਮਿਤੀ 30-08-2013 ਤੱਕ | ਮਿਤੀ 04.09.2013 ਤੱਕ |

ਮਿਥੀ ਮਿਤੀ ਤੋਂ ਬਾਅਦ ਰਜਿਸਟਰੇਸ਼ਨ/ਕੰਟੀਨਿਊਏਸ਼ਨ ਰਿਟਰਨ ਫਾਰਮ ਆਨ ਲਾਈਨ ਸਵੀਕਾਰ ਨਹੀਂ ਕੀਤੇ ਜਾਣਗੇ।

## ਆਨਲਾਈਨ ਫਾਰਮ ਭਰਨ ਸਬੰਧੀ ਹਦਾਇਤਾਂ :-

ਆਨਲਾਈਨ ਫਾਰਮ ਭਰਨ ਸਮੇਂ ਵੇਰਵੇ ਦਾਖਲਾ ਖਾਰਜ ਰਜਿਸਟਰ ਮੁਤਾਬਕ ਅਤੇ ਪੂਰੇ ਭਰਨੇ ਜ਼ਰੂਰੀ ਹਨ। **Final Submission** ਕਰਨ ਤੋਂ ਬਾਅਦ ਵੇਰਵਿਆ ਵਿੱਚ ਆਨਲਾਈਨ ਕਿਸੇ ਵੀ ਪ੍ਰਕਾਰ ਦੀ ਸੋਧ ਨਹੀਂ ਕੀਤੀ ਜਾ ਸਕੇਗੀ। ਜੇਕਰ ਇਸ ਉਪਰੰਤ ਵਿਦਿਆਰਥੀ ਦੇ ਵੇਰਵੇ ਭਰਨ ਸਮੇਂ ਸਕੂਲ ਵੱਲੋਂ ਕੋਈ ਗਲਤੀ ਹੁੰਦੀ ਹੈ, ਤਾਂ ਇਸ ਦੀ ਜਿੰਮੇਵਾਰੀ ਸਕੂਲ ਮੁੱਖੀ ਦੀ ਆਪਣੀ ਹੋਵੇਗੀ। ਪ੍ਰਿੰਟਡ ਕਾਪੀ ਵਿੱਚ ਹੱਥ ਨਾਲ ਕੀਤੀ ਗਈ ਸੋਧ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਸੋਧ ਕਰਵਾਉਣ ਲਈ ਪਹਿਲਾਂ ਚੱਲ ਰਹੀ ਪ੍ਰਥਾ ਅਨੁਸਾਰ ਰਜਿਸਟ੍ਰੇਸ਼ਨ ਸ਼ਾਖਾ, ਮੁੱਖ ਦਫਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਐੱਸ.ਏ.ਐੱਸ. ਨਗਰ ਨਾਲ ਸੰਪਰਕ ਕੀਤਾ ਜਾਵੇ।

**ਨੌਂਵੀਂ ਕਲਾਸ ਲਈ :-**

1.	ਜਿਹੜੇ ਵਿਦਿਆਰਥੀ ਪਹਿਲਾਂ ਬੋਰਡ ਵਿੱਚ ਰਜਿਸਟਰਡ ਨਹੀਂ ਹੋਏ, ਲਈ ਐਨ 1 (**N1**) ਫਾਰਮ ਭਰਿਆ ਜਾਵੇ। ਇਹ ਫਾਰਮ ਕੇਵਲ ਪੰਜਾਬ ਰਾਜ ਵਿੱਚ ਪੜ੍ਹਦੇ ਆ ਰਹੇ ਵਿਦਿਆਰਥੀਆਂ ਲਈ ਭਰਿਆ ਜਾਵੇ। ਇਸ ਫਾਰਮ ਦੀ ਪ੍ਰਤੀ ਵਿਦਿਆਰਥੀ **180/-** ਰੁਪਏ ਫੀਸ ਹੈ।

2.	ਜਿਹੜੇ ਵਿਦਿਆਰਥੀ ਕਿਸੇ ਹੋਰ ਰਾਜ/ਬੋਰਡ ਤੋਂ ਅੱਠਵੀਂ ਪ੍ਰੀਖਿਆ ਪਾਸ ਕਰਕੇ ਆਏ ਹਨ, ਲਈ ਐਨ 2 (**N2**) ਫਾਰਮ ਭਰਿਆ ਜਾਵੇ। ਆਨਲਾਈਨ ਫਾਰਮ ਭਰਨ ਸਮੇਂ ਅੱਠਵੀਂ ਕਿਸ ਬੋਰਡ ਤੋਂ ਕੀਤੀ ਹੈ, ਦਾ ਨਾਂ ਲਾਜ਼ਮੀ ਸਲੈਕਟ ਕੀਤਾ ਜਾਵੇ ਜੇਕਰ ਬੋਰਡ ਦਾ ਨਾਂ ਸੂਚੀ ਵਿੱਚ ਨਾ ਹੋਵੇ ਤਾ Other ਸਲੈਕਟ ਕੀਤਾ ਜਾਵੇ ਅਤੇ ਦਿੱਤੇ ਖਾਨੇ ਵਿੱਚ ਬੋਰਡ ਦਾ ਨਾਮ ਲਿਖਿਆ ਜਾਵੇ। ਇਸ ਫਾਰਮ ਦੀ ਪ੍ਰਤੀ ਵਿਦਿਆਰਥੀ **1200/-** ਰੁਪਏ ਫੀਸ ਹੈ। ਇਹਨਾਂ ਵਿਦਿਆਰਥੀਆਂ ਦਾ ਰਜਿਸਟਰੇਸ਼ਨ ਨੰਬਰ ਮੁੱਖ ਦਫਤਰ ਵਿਖੇ ਦਸਤਾਵੇਜ਼ ਵੈਰੀਫਾਈ ਕਰਨ ਉਪਰੰਤ ਹੀ ਜਾਰੀ ਕੀਤਾ ਜਾਵੇਗਾ ਅਤੇ ਆਨਲਾਈਨ ਅਪਡੇਟ ਕਰ ਦਿੱਤਾ ਜਾਵੇਗਾ।

3. ਜਿਹੜੇ ਵਿਦਿਆਰਥੀ ਪਹਿਲਾਂ ਹੀ ਬੋਰਡ ਵਿੱਚ ਰਜਿਸਟਰਡ ਹਨ, ਲਈ ਐਨ 3 (**N3**) ਫਾਰਮ ਭਰਿਆ ਜਾਵੇ। ਫਾਰਮ ਭਰਨ ਸਮੇਂ ਪਹਿਲਾਂ ਜਾਰੀ ਕੀਤਾ ਰਜਿਸਟਰੇਸ਼ਨ ਨੰ. ਭਰਿਆ ਜਾਵੇ। ਇਸ ਫਾਰਮ ਦੀ ਪ੍ਰਤੀ ਵਿਦਿਆਰਥੀ **180/-** ਰੁਪਏ ਫੀਸ ਹੈ।

**ਦਸਵੀਂ ਕਲਾਸ ਲਈ :-**

1. ਜਿਹੜੇ ਵਿਦਿਆਰਥੀ ਪਹਿਲਾਂ ਹੀ ਬੋਰਡ ਵਿੱਚ ਰਜਿਸਟਰਡ ਹਨ, ਲਈ ਐਮ 1 (**M1**) ਫਾਰਮ ਭਰਿਆ ਜਾਵੇ। ਇਸ ਫਾਰਮ ਵਿੱਚ ਪਿਛਲੇ ਸੈਸ਼ਨ ਦੌਰਾਨ ਨੌਵੀਂ ਵਿੱਚ ਰਜਿਸਟਰਡ ਵਿਦਿਆਰਥੀਆਂ ਦੇ ਡਾਟੇ ਵਿੱਚੋਂ ਵਿਦਿਆਰਥੀਆਂ ਨੂੰ Import ਕੀਤਾ ਜਾਵੇ ਅਤੇ ਵਿਦਿਆਰਥੀਆਂ ਵੱਲੋਂ ਲਏ ਵਿਸ਼ੇ ਭਰੇ ਜਾਣ। ਇਸ ਫਾਰਮ ਵਿੱਚ ਕਿਸੇ ਪ੍ਰਕਾਰ ਦੀ ਨਵੀਂ ਐਂਟਰੀ ਕੀਤੀ ਜਾ ਸਕੇਗੀ। ਇਸ ਫਾਰਮ ਦੀ ਕੋਈ ਫੀਸ ਨਹੀਂ ਹੈ।

2. ਜਿਹੜੇ ਵਿਦਿਆਰਥੀ ਕਿਸੇ ਹੋਰ ਰਾਜ/ਬੋਰਡ ਤੋਂ ਨੌਵੀਂ ਪ੍ਰੀਖਿਆ ਪਾਸ ਕਰਕੇ ਆਏ ਹਨ, ਲਈ ਐਮ 2 (**M2**) ਫਾਰਮ ਭਰਿਆ ਜਾਵੇ। ਆਨਲਾਈਨ ਫਾਰਮ ਭਰਨ ਸਮੇਂ ਨੌਵੀਂ ਕਿਸ ਬੋਰਡ ਤੋਂ ਕੀਤੀ ਹੈ, ਦਾ ਨਾਂ ਲਾਜ਼ਮੀ ਸਲੈਕਟ ਕੀਤਾ ਜਾਵੇ ਜੇਕਰ ਬੋਰਡ ਦਾ ਨਾਂ ਸੂਚੀ ਵਿੱਚ ਨਾ ਹੋਵੇ ਤਾ Other ਸਲੈਕਟ ਕੀਤਾ ਜਾਵੇ ਅਤੇ ਦਿੱਤੇ ਖਾਨੇ ਵਿੱਚ ਬੋਰਡ ਦਾ ਨਾਮ ਲਿਖਿਆ ਜਾਵੇ। ਇਸ ਫਾਰਮ ਦੀ ਪ੍ਰਤੀ ਵਿਦਿਆਰਥੀ **1200/-** ਰੁਪਏ ਫੀਸ ਹੈ। ਇਹਨਾਂ ਵਿਦਿਆਰਥੀਆਂ ਦਾ ਰਜਿਸਟਰੇਸ਼ਨ ਨੰਬਰ ਮੁੱਖ ਦਫਤਰ ਵਿਖੇ ਦਸਤਾਵੇਜ਼ ਵੈਰੀਫਾਈ ਕਰਨ ਉਪਰੰਤ ਹੀ ਜਾਰੀ ਕੀਤਾ ਜਾਵੇਗਾ ਅਤੇ ਆਨਲਾਈਨ ਅਪਡੇਟ ਕਰ ਦਿੱਤਾ ਜਾਵੇਗਾ।

3. ਓਪਨ ਸਕੂਲ ਦੇ ਵਿਦਿਆਰਥੀਆਂ ਲਈ ਜੋ ਬੋਰਡ ਨਾਲ ਪਹਿਲਾਂ ਹੀ ਰਜਿਸਟਰਡ ਹਨ ਜਾਂ ਰਜਿਟਰਡ ਨਹੀਂ ਹੋਏ ਫਾਰਮ ਐਮ 3 (**M3**) ਭਰਿਆ ਜਾਵੇ। ਪਹਿਲਾਂ ਤੋਂ ਹੀ ਰਜਿਟਰਡ ਵਿਦਿਆਰਥੀਆਂ ਦਾ ਫਾਰਮ ਭਰਨ ਸਮੇਂ ਰਜਿ. ਨੰ. ਦੇ ਖਾਨੇ ਵਿੱਚ ਬੋਰਡ ਵੱਲੋਂ ਜਾਰੀ ਕੀਤਾ ਰਜਿਸਟਰੇਸ਼ਨ ਨੰ. ਭਰਿਆ ਜਾਵੇ ਅਤੇ ਜੋ ਪਹਿਲਾਂ ਰਜਿਸਟਰਡ ਨਹੀਂ ਹਨ, ਲਈ ਰਜਿ. ਨੰ ਵਾਲਾ ਖਾਨਾ ਖਾਲੀ ਛੱਡ ਦਿੱਤਾ ਜਾਵੇ। ਇਸਦੀ ਫੀਸ ਪਹਿਲਾਂ ਤੋਂ ਚੱਲ ਰਹੀ ਪ੍ਰਥਾ ਅਨੁਸਾਰ ਦਾਖਲਾ ਫਾਰਮਾਂ ਨਾਲ ਹੀ ਲਈ ਜਾਵੇਗੀ।

ਆਨਲਾਈਨ ਫਾਰਮ ਵਿੱਚ ਪ੍ਰੀਖਿਆਰਥੀਆਂ ਦੇ ਸਹੀ ਵੇਰਵੇ ਭਰਨ ਅਤੇ ਚੈੱਕ ਕਰਨ ਉਪਰੰਤ ਕੈਲਕੂਲੇਟ ਫੀਸ (**Calculate Fee**) ਤੇ ਕਲਿੱਕ ਕੀਤਾ ਜਾਵੇ, ਪ੍ਰੀਖਿਆਰਥੀਆਂ ਦੀ ਗਿਣਤੀ ਅਤੇ ਬਣਦੀ ਫੀਸ ਆਨਲਾਈਨ ਡਿਸਪਲੇ ਹੋਵੇਗੀ, ਇਸ ਨੂੰ ਪ੍ਰਿੰਟ ਕਰ ਲਿਆ ਜਾਵੇ ਅਤੇ ਇਸ ਅਨੁਸਾਰ ਬਣਦੀ ਫੀਸ ਦਾ ਡਰਾਫਟ (ਸਾਰੀਆਂ ਕਲਾਸਾਂ ਲਈ ਇੱਕ ਹੀ ਡਰਾਫਟ ਬਣਾਇਆ ਜਾਵੇ ਜੋ ਕਿ ਭੁਗਤਾਨਯੋਗ ਜਿਲ੍ਹਾ ਖੇਤਰੀ ਦਫਤਰ ਹੋਵੇ (Payable at the place of District Sub Office) ਅਤੇ ਡਰਾਫਟ ਤੋਂ ਬਿਨ੍ਹਾਂ ਰਸੀਦ ਜਾਂ ਕਿਸੇ ਹੋਰ ਤਰੀਕੇ ਨਾਲ ਭਰੀ ਫੀਸ ਸਵੀਕਾਰਨਯੋਗ ਨਹੀਂ ਹੋਵੇਗੀ ) ਬਣਵਾ ਲਿਆ ਜਾਵੇ (ਡਰਾਫਟ ਪੂਰੀ ਫੀਸ ਦਾ ਹੀ ਬਣਾਇਆ ਜਾਵੇ, ਘੱਟ ਜਾਂ ਜਿਆਦਾ ਫੀਸ ਸਵੀਕਾਰਨਯੋਗ ਨਹੀਂ ਹੋਵੇਗੀ)। ਡਰਾਫਟ ਬਣਵਾਉਣ ਉਪਰੰਤ ਆਖਰੀ ਮਿਤੀ (Registration / Continuation Fee Deposit Slip ਉੱਪਰ ਵੀ ਲਿਖੀ ਹੈ) ਤੋਂ ਪਹਿਲਾਂ-ਪਹਿਲਾਂ **Final Submission** ਤੇ ਕਲਿੱਕ ਕੀਤਾ ਜਾਵੇ ਅਤੇ ਡਰਾਫਟ ਦੇ ਵੇਰਵੇ ਐਂਟਰ ਕੀਤੇ ਜਾਣ। ਇਸ ਉਪਰੰਤ ਸਾਰੇ ਵਿਦਿਆਰਥੀਆਂ ਦੀ ਸੂਚੀ (ਦੋ ਪਰਤਾਂ ਵਿੱਚ) ਪ੍ਰਿੰਟ ਕਰ ਲਈ ਜਾਵੇ। ਇੱਕ ਕਾਪੀ ਸਕੂਲ ਦੇ ਰਿਕਾਰਡ ਹਿੱਤ ਰੱਖ ਲਈ ਜਾਵੇ ਅਤੇ ਦੂਸਰੀ ਕਾਪੀ (ਸਕੂਲ ਮੁੱਖੀ ਵੱਲੋਂ ਤਸਦੀਕ ਕਰਨ ਉਪਰੰਤ) ਦੇ ਨਾਲ ਅਸਲ ਡਰਾਫਟ ਅਤੇ ਲੋੜੀਂਦੇ ਜਰੂਰੀ ਦਸਤਾਵੇਜ ਨੱਥੀ ਕਰਕੇ ਬੋਰਡ ਦਫਤਰ ਦੇ ਸ਼ਡਿਊਲ (ਲੜੀ ਨੰ. 8) ਅਨੁਸਾਰ ਆਖਰੀ ਮਿਤੀ (ਲੜੀ ਨੰ. 8) ਤੱਕ ਸਬੰਧਤ ਖੇਤਰੀ ਦਫਤਰ, ਪੰਜਾਬ ਸਕੂਲ ਸਿੱਖਿਆ ਬੋਰਡ ਵਿਖੇ ਜਮ੍ਹਾਂ ਕਰਵਾ ਦਿੱਤੀ ਜਾਵੇ। ਵੱਖਰੇ ਤੌਰ ਤੇ ਡਾਕ ਰਾਹੀਂ ਕੋਈ ਲਿਸਟਾਂ ਨਹੀਂ ਭੇਜੀਆ ਜਾਣਗੀਆਂ। ਕਿਸੇ ਵਿਦਿਆਰਥੀ ਦਾ ਰਜਿਸ਼ਟਰੇਸ਼ਨ ਨੰਬਰ ਸਮੇਂ ਸਿਰ ਨਾ ਅਲਾਟ ਹੋਣ ਦੀ ਸਮੁੱਚੀ ਜਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।